- ਕੋਈ ਵਰਕਰ ਕਿਸੇ ਖਾਸ ਜਾਤੀ ਸਮੂਹ ਨੂੰ ਹੋਰਨਾਂ ਜਾਤੀਆਂ ਦੇ ਮੁਕਾਬਲੇ ਜ਼ਿਆਦਾ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਦੱਸਦਾ ਹੈ।
- ਕਿਸੇ ਅਸਮਰੱਥਾ ਕਾਰਨ ਤੁਸੀਂ ਪੜ੍ਹ ਨਹੀਂ ਸਕਦੇ ਪਰ ਕਾਉਂਟੀ ਤੁਹਾਡੀ ਮਦਦ ਕਰਨ ਲਈ ਕਿਸੇ ਪ੍ਰੋਗਰਾਮ ਬਾਰੇ ਮੁਢਲੀ ਜਾਣਕਾਰੀ ਦੀਆਂ ਆਡੀਓ ਟੇਪਾਂ ਮੁਹੱਈਆ ਨਹੀਂ ਕਰਾਉਂਦੀ।
- ਕਿਸੇ ਵਰਕਰ ਨੂੰ ਤੁਹਾਡੇ ਧਰਮ ਜਾਂ ਰਾਜਨੀਤਕ ਵਿਚਾਰਾਂ ਦਾ ਪਤਾ ਚਲ ਜਾਂਦਾ ਹੈ ਅਤੇ ਇਸ ਦੇ ਬਾਅਦ ਤੁਹਾਡੇ ਨਾਲ ਉਸਦਾ ਵਿਹਾਰ ਬਦਲ ਜਾਂਦਾ ਹੈ।
- ਤੁਸੀਂ ਅਪੁਆਇੰਟਮੈਂਟ ਲਈ ਨਹੀਂ ਜਾ ਸਕਦੇ ਕਿਉਂਕਿ ਕਾਉਂਟੀ ਦੀ ਬਿਲਡਿੰਗ ਵਿਚ ਐਲੀਵੇਟਰ ਨਹੀਂ ਹੈ।
- ਤੁਸੀਂ ਆਪਣੀ ਵ੍ਹੀਲਚੇਅਰ ਨੂੰ ਪਰੀਖਿਆ ਜਾਂ ਇੰਟਰਵਿਊ ਵਾਲੇ ਕਮਰੇ ਜਾਂ ਰੈਸਟਰੂਮ ਵਿਚ ਨਹੀਂ ਲਿਜਾ ਸਕਦੇ।
- ਬਿਹਤਰ ਤਨਖਾਹ ਵਾਲੀਆਂ ਨੌਕਰੀਆਂ ਲਈ ਟ੍ਰੇਨਿੰਗ ਦੇ ਲਈ ਔਰਤਾਂ ਦੀ ਬਜਾਏ ਮਰਦਾਂ ਨੂੰ ਤਰਜੀਹ ਦੇਣਾ।
- ਕਾਉਂਟੀ ਨਹੀਂ ਚਾਹੁੰਦੀ ਕਿ ਤੁਹਾਨੂੰ ਟ੍ਰੇਨਿੰਗ ਮਿਲੇ ਕਿਉਂਕਿ ਉਹ ਕਹਿੰਦੇ ਹਨ ਕਿ "ਤੁਹਾਡੀ ਉਮਰ ਬਹੁਤ ਜ਼ਿਆਦਾ ਹੈ"।
- ਤੁਹਾਨੂੰ ਇੱਕ ਬੱਚੇ ਨੂੰ ਗੋਦ ਨਹੀਂ ਲੈਣ ਦਿੱਤਾ ਜਾਂਦਾ ਕਿਉਂਕਿ ਤੁਹਾਡੀ ਨਸਲ ਦੂਸਰੀ ਹੈ।

## ਵਿਤਕਰੇ ਬਾਰੇ ਸ਼ਿਕਾਇਤਾਂ

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਤੁਸੀਂ ਸ਼ਿਕਾਇਤ ਦੀ ਅਰਜ਼ੀ ਕਾਉਂਟੀ ਜਾਂ ਸਟੇਟ ਨੂੰ ਅਤੇ ਫੈਡਰਲ ਸਰਕਾਰ ਨੂੰ ਵੱਖ ਵੱਖ ਭੇਜ ਸਕਦੇ ਹੋ। ਤੁਸੀਂ ਕਿਸ ਫੈਡਰਲ ਅਦਾਰੇ ਨੂੰ ਸ਼ਿਕਾਇਤ ਕਰ ਸਕਦੇ ਹੋ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਹਾਡੀ ਸ਼ਿਕਾਇਤ ਕਿਸ ਪ੍ਰੋਗਰਾਮ ਦੇ ਬਾਰੇ ਹੈ।

ਵਿਤਕਰੇ ਦੀ ਸ਼ਿਕਾਇਤ ਤੁਸੀਂ ਹੇਠਲੇ ਅਦਾਰਿਆਂ/ਲੋਕਾਂ ਕੋਲ ਕਰ ਸਕਦੇ ਹੋ:

1. ਤੁਹਾਡੀ ਕਾਉਂਟੀ ਦੇ ਕਲਿਆਣ ਵਿਭਾਗ ਵਲੋਂ ਪ੍ਰਬੰਧਤ ਸਾਰੇ ਪ੍ਰੋਗਰਾਮਾਂ ਲਈ: ਕਾਉਂਟੀ ਦਾ ਨਾਗਰਿਕ ਅਧਿਕਾਰ ਕੋਆਰਡੀਨੇਟਰ। ਆਪਣੇ ਕਾਉਂਟੀ ਦਫਤਰ ਕੋਲੋਂ ਉਹਨਾਂ ਦੇ ਨਾਗਰਿਕ ਅਧਿਕਾਰ ਕੋਆਰਡੀਨੇਟਰ ਦਾ ਨਾਂ, ਪਤਾ ਅਤੇ ਫੋਨ ਨੰਬਰ ਪੁਛੋ। ਤੁਹਾਡੀ ਸ਼ਿਕਾਇਤ ਦੀ ਜਾਂਚ ਪੜਤਾਲ ਉਹ ਨਿਰਪੱਖ ਤੌਰ ਤੇ ਕਰਨਗੇ।
2. ਨਾਗਰਿਕ ਅਧਿਕਾਰ ਬਿਊਰੋ (Civil Rights Bureau)
California Department of Social Services
744 P Street, MS 8-16-70
Sacramento, CA 95814
(916) 654-2107
(866) 741-6241 (ਟੌਲ-ਫ੍ਰੀ)
3. CALFRESH ਪ੍ਰੋਗਰਾਮ ਲਈ:
United States Department of Agriculture
Director, Office of Civil Rights,
Room 326-W, Whitten Bldg.
1400 Independence Avenue, S.W.,
Washington, D.C. 20250-9410
(202) 720-6382 (ਵੌਇਸ ਅਤੇ TTY)
4. ਬਾਕੀ ਸਾਰੇ ਪ੍ਰੋਗਰਾਮਾਂ ਲਈ:
Health and Human Services
Office of Civil Rights
90 7th Street, Suite 4-100
San Francisco, CA 94103
(415) 437-8310 (ਵੌਇਸ)
(415) 437-8311 (TDD)

## ਕਾਰਵਾਈ ਕਰਨ ਲਈ ਸਮੇਂ ਦੀਆਂ ਸੀਮਾਵਾਂ

ਜੇ ਤੁਹਾਡੇ ਨਾਲ ਵਿਤਕਰਾ ਹੁੰਦਾ ਹੈ, ਤਾਂ ਅਸਲ ਵਿਤਕਰੇ ਦੇ 180 ਦਿਨਾਂ ਦੇ ਅੰਦਰ ਸ਼ਿਕਾਇਤ ਦਰਜ ਕਰਾਉਣਾ ਜ਼ਰੂਰੀ ਹੈ। ਜੇ ਵਿਤਕਰੇ ਨਾਲ ਤੁਹਾਡੇ ਬੈਨਿਫਿਟਾਂ ਅਤੇ ਸੇਵਾਵਾਂ ਦੀ ਪੱਧਰ ਉੱਪਰ ਵੀ ਅਸਰ ਪਿਆ ਹੈ, ਤਾਂ ਤੁਹਾਡੇ ਲਈ ਸਟੇਟ ਵਲੋਂ ਸੁਣਵਾਈ ਲਈ ਵੀ 90 ਦਿਨਾਂ ਦੇ ਅੰਦਰ ਬੇਨਤੀ ਕਰਨਾ ਜ਼ਰੂਰੀ ਹੈ। ਵਿਤਕਰੇ ਦੀ ਜਾਂਚ ਨਾਲ ਤੁਹਾਡੇ ਬੈਨਿਫਿਟਾਂ ਜਾਂ ਸੇਵਾਵਾਂ ਦੀ ਪੱਧਰ ਨਹੀਂ ਬਦਲ ਸਕਦੀ ... ਅਜੇਹਾ ਸਿਰਫ ਸਟੇਟ ਵਲੋਂ ਸੁਣਵਾਈ ਰਾਹੀਂ ਹੀ ਹੋ ਸਕਦਾ ਹੈ।

## ਕੁਝ ਹੱਕਾਂ ਦੀਆਂ ਸੀਮਾਵਾਂ

ਹਾਲਾਂਕਿ ਤੁਹਾਨੂੰ ਇਕਾਂਤ ਅਤੇ ਗੁਪਤਤਾ ਦਾ ਹੱਕ ਹੈ, ਕੁਝ ਅਜੇਹੇ ਕਾਨੂੰਨ ਹਨ ਜੋ ਸੀਮਤ ਛੋਟਾਂ ਦੀ ਇਜਾਜ਼ਤ ਦੇਂਦੇ ਹਨ। ਇਹਨਾਂ ਕਾਨੂੰਨਾਂ ਦੇ ਬਾਰੇ ਤੁਸੀਂ ਕਾਉਂਟੀ ਕੋਲੋਂ ਪਤਾ ਲਗਾ ਸਕਦੇ ਹੋ।

## ਸਵਾਲ

ਜੇ ਇੱਥੇ ਦੱਸੇ ਗਏ ਹੱਕਾਂ ਬਾਰੇ ਤੁਸੀਂ ਕੋਈ ਸਵਾਲ ਪੁਛਣਾ ਚਾਹੋ ਤਾਂ ਪਬਲਿਕ ਇਨਕੁਆਇਰੀ ਯੂਨਿਟ ਨੂੰ ਫੋਨ ਕਰੋ: ਟੌਲ-ਫ੍ਰੀ (800) 952-5253. ਟੌਲ-ਫ੍ਰੀ TDD ਨੰਬਰ (800) 952-8349 ਹੈ।

## ਇਸ ਪੈਂਫਲਟ ਹੇਠ ਆਉਣ ਵਾਲੇ ਪ੍ਰੋਗਰਾਮ

- ਗੋਦ ਲੈਣ ਵਿਚ ਸਹਾਇਤਾ ਪ੍ਰੋਗਰਾਮ (AAP)
- ਬਾਲਗ ਸੁਰੱਖਿਆ ਸੇਵਾਵਾਂ
- ਅਲਕੋਹਲ ਅਤੇ ਡਰੱਗ ਪ੍ਰੋਗਰਾਮ
- ਕੈਲੀਫੋਰਨੀਆ ਭੋਜਨ ਸਹਾਇਤਾ ਪ੍ਰੋਗਰਾਮ (CFAP)
- ਮੈਡੀ-ਕੈਲ
- ਕੈਲਵਰਕਸ (CalWORKs)
- ਕੈਲਵਰਕਸ ਚਾਈਲਡ ਕੇਅਰ
- ਕੈਲਵਰਕਸ ਵੈਲਫੇਅਰ-ਟੂ-ਵਰਕ ਪ੍ਰੋਗਰਾਮ/ਸੇਵਾਵਾਂ
- ਅਪ੍ਰਵਾਸੀਆਂ ਲਈ ਨਕਦੀ ਸਹਾਇਤਾ ਪ੍ਰੋਗਰਾਮ (CAPI)
- ਚਾਈਲਡ ਵੈਲਫੇਅਰ ਸੇਵਾਵਾਂ
- ਡੈਂਟੀ-ਕੈਲ
- ਮੁਢਲੀ ਅਤੇ ਮਿਆਦੀ ਜਾਂਚ, ਨਿਦਾਨ ਅਤੇ ਇਲਾਜ (EPSDT)
- ਕੈਲਫ੍ਰੈਸ਼ (ਫੂਡ ਸਟੈਂਪਾਂ)
- ਫੌਸਟਰ ਕੇਅਰ
- ਘਰ-ਅੰਦਰ ਸਹਾਇਤਾ ਸੇਵਾਵਾਂ
- ਕਿਨਸ਼ਿਪ ਗਾਰਡੀਅਨ ਸਹਾਇਤਾ (Kin-GAP)
- ਮਾਨਸਿਕ ਸਿਹਤ
- ਬਹੁ-ਉਦੇਸ਼ੀ ਸੀਨੀਅਰ ਸੇਵਾ ਪ੍ਰੋਗਰਾਮ (MSSP)
- ਨਿੱਜੀ ਦੇਖਭਾਲ ਸੇਵਾਵਾਂ ਪ੍ਰੋਗਰਾਮ (PCSP)
- ਰਿਫਿਊਜੀ ਕੈਸ਼ ਸਹਾਇਤਾ
- ਸਮਾਜ ਸੇਵਾਵਾਂ

STATE OF CALIFORNIA
(ਕੈਲੀਫੋਰਨੀਆ ਸਟੇਟ)
HEALTH AND HUMAN SERVICES AGENCY
(ਸਿਹਤ ਅਤੇ ਮਾਨਵ ਸੇਵਾਵਾਂ ਏਜੰਸੀ)
DEPARTMENT OF SOCIAL SERVICES
(ਸਮਾਜਕ ਸੇਵਾਵਾਂ ਵਿਭਾਗ)

ਇਹ ਪੈਂਫਲਟ ਤੁਹਾਡੇ ਸਥਾਨਕ ਕਾਉਂਟੀ ਵੈਲਫੇਅਰ ਆਫਿਸ 'ਚੋਂ ਅਤੇ www.cdss.ca.gov ਦੇ ਪਤੇ ਤੋਂ ਹੇਠਲੀਆਂ ਭਾਸ਼ਾਵਾਂ ਵਿਚ ਮਿਲ ਸਕਦਾ ਹੈ:

| | | |
|---|---|---|
| • ਅਰਬੀ | • ਜਾਪਾਨੀ | • ਰੂਸੀ |
| • ਆਰਮੀਨਿਆਈ | • ਕੋਰੀਆਈ | • ਸਪੈਨਿਸ਼ |
| • ਕੰਬੋਡੀਆਈ | • ਲਾਓ | • ਸਪੈਨਿਸ਼ ਵੱਡੇ ਅੱਖਰ |
| • ਚੀਨੀ | • ਮੈਨ | • ਟੈਗਾਲੌਗ |
| • ਫਾਰਸੀ | • ਪੁਰਤਗਾਲੀ | • ਯੂਕ੍ਰੇਨੀ |
| • ਮੌਂਗ | • ਪੰਜਾਬੀ | • ਵਿਅਤਨਾਮੀ |

ਪੈਂਫਲਟ ਵੱਡੇ ਅੱਖਰਾਂ, ਬ੍ਰੇਲ ਅਤੇ ਆਡੀਓ ਸੀਡੀ ਦੇ ਰੂਪ ਵਿਚ ਵੀ ਉਪਲਬਧ ਹੈ।

Pub 13 (Punjabi) (6/11)

# ਤੁਹਾਡੇ ਹੱਕ

## ਕੈਲੀਫੋਰਨੀਆ ਕਲਿਆਣ ਪ੍ਰੋਗਰਾਮ ਹੇਠ



*.....ਕੈਲੀਫੋਰਨੀਆ ਵਿਚ ਪਬਲਿਕ ਸਹਾਇਤਾ ਲਈ ਅਰਜ਼ੀ ਦੇਣ ਵਾਲੇ ਜਾਂ ਲੈ ਰਹੇ ਲੋਕਾਂ ਲਈ*

ਜੇ ਤੁਹਾਨੂੰ ਕਿਸੇ ਅਸਮਰੱਥਾ ਦੇ ਕਾਰਨ ਮਦਦ ਦੀ ਲੋੜ ਹੈ ਤਾਂ ਸਾਨੂੰ ਦੱਸੋ

ਬਿਨਾਂ ਲਾਗਤ ਦੁਭਾਸ਼ੀਆ ਮੰਗੋ

## ਤੁਹਾਡੇ ਹੱਕ

ਜਨਤਕ ਸਹਾਇਤਾ ਦੇਣ ਵਾਲੇ ਸਾਰੇ ਲੋਕਾਂ ਅਤੇ ਸੰਸਥਾਵਾਂ ਲਈ ਤੁਹਾਡੇ ਹੱਕਾਂ ਦਾ ਸਨਮਾਨ ਕਰਨਾ ਜ਼ਰੂਰੀ ਹੈ। ਉਹ ਬੈਨਿਫਿਟਾਂ ਅਤੇ ਸੇਵਾਵਾਂ ਨੂੰ ਸਮਝਣ ਅਤੇ ਉਹਨਾਂ ਲਈ ਅਰਜ਼ੀ ਦੇਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

- You have the right to an interpreter free of charge
- Usted tiene derecho a un intérprete gratis.
- У вас есть право на бесплатные услуги переводчика
- 您有權免費獲得□譯員服務。
- May karapatan kayong magkaroon ng tagapagsalin na walang bayad.
- Quý vị có quyền được một thông dịch viên miễn phí.
- Koj muaj txoj cai yuav ib tug neeg txhais lus pub dawb.
- لديك الحق في الحصول على مترجم دون أية تكلفة.
- Դուք անվճար թարգմանչի իրավունք ունեք:
- អ្នកមានសិទ្ធិទទួលអ្នកបកប្រែ ដោយមិនបាច់បង់ថ្លៃឡើយ
- 여러분은 무료 통역 서비스를 받을 권리가 있습니다.
- شما حق داشتن مترجم رایگان را دارا می باشید.
- ທ່ານມີສິດຂໍໃຫ້ມີນາຍພາສາ ມາຊ່ວຍແປໂດຍບໍ່ເສັຽຄ່າ
- ਤੁਹਾਨੂੰ ਬਿਨਾਂ ਲਾਗਤ ਦੁਭਾਸ਼ੀਏ ਦਾ ਹੱਕ ਹੈ।
- Ви маєте право на безкоштовні послуги перекладача.
- Você tem direito a um intérprete gratuito.
- あなたには無料で通訳を利用する権利があります。
- Meih maaih leiz duqv mienh tengx meih faan waac kungx.

## ਇਹ ਤੁਹਾਡੇ ਹੱਕ ਹਨ...

1. ਇਹ ਜਾਣਨਾ ਕਿ ਤੁਹਾਡੀ ਅਰਜ਼ੀ ਅਤੇ ਸਹਾਇਤਾ ਬਾਰੇ ਕੀ ਕਾਰਵਾਈ ਹੋ ਰਹੀ ਹੈ।
2. ਤੁਹਾਡੀ ਅਰਜ਼ੀ ਅਤੇ ਸਹਾਇਤਾ ਬਾਰੇ ਜ਼ਬਾਨੀ ਅਤੇ ਲਿਖਤੀ ਵੇਰਵਾ ਪ੍ਰਾਪਤ ਕਰਨਾ।
3. ਜਮ੍ਹਾਂ ਕਰਾਏ ਗਏ ਕਿਸੇ ਵੀ ਦਸਤਾਵੇਜ਼ ਲਈ ਰਸੀਦ ਪ੍ਰਾਪਤ ਕਰਨਾ।
4. ਆਪਣੇ ਕੇਸ ਦਾ ਰਿਕਾਰਡ ਵੇਖਣਾ।
5. ਸਟੇਟ ਅਤੇ ਕਾਉਂਟੀ ਦੇ ਕਾਨੂੰਨ ਅਤੇ ਨੇਮ ਵੇਖਣਾ।
6. ਤੁਹਾਡੀ ਯੋਗਤਾ, ਬੈਨਿਫਿਟਾਂ ਅਤੇ ਸੇਵਾਵਾਂ ਦੇ ਉੱਪਰ ਕਿਸੇ ਜੱਜ ਨੂੰ ਪੁਨਰਵਿਚਾਰ ਕਰਨ ਲਈ ਬੇਨਤੀ ਕਰਨਾ।
7. ਪ੍ਰੋਗਰਾਮ ਦੇ ਲਾਭਾਂ ਜਾਂ ਸੇਵਾਵਾਂ ਦੀ ਪ੍ਰਾਪਤੀ ਵਿਚ ਕਿਸੇ ਤਰ੍ਹਾਂ ਦੇ ਭੇਦਭਾਵ ਦਾ ਸਾਮ੍ਹਣਾ ਨਾ ਕਰਨਾ।
8. ਭੇਦਭਾਵ ਬਾਰੇ ਸ਼ਿਕਾਇਤ ਦਰਜ ਕਰਨਾ।
9. ਜੇ ਤੁਸੀਂ ਕਿਸੇ ਕਿਸੇ ਅਜੇਹੀ ਅਸਮਰੱਥਾ ਜਾਂ ਕਮਜ਼ੋਰੀ ਤੋਂ ਪੀੜਤ ਹੋ ਜਿਸ ਕਰਕੇ ਪ੍ਰੋਗਰਾਮ ਦੇ ਨੇਮਾਂ ਨੂੰ ਸਮਝਣ ਵਿਚ ਕਠਨਾਈ ਹੁੰਦੀ ਹੋਵੇ ਤਾਂ ਕਾਉਂਟੀ ਸਟਾਫ ਕੋਲੋਂ ਵਾਧੂ ਮਦਦ ਲੈਣਾ ਤਾਂ ਜੋ ਤੁਹਾਨੂੰ ਬੈਨਿਫਿਟ ਮਿਲਣਾ ਯਕੀਨੀ ਬਣਾਇਆ ਜਾ ਸਕੇ।
10. ਤੁਹਾਡੇ ਬਾਰੇ ਜਾਣਕਾਰੀ ਨੂੰ ਗੁਪਤ ਰੱਖਿਆ ਜਾਣਾ।
11. ਤੁਹਾਡੇ ਨਾਲ ਸ਼ਿਸ਼ਟ ਅਤੇ ਸਤਿਕਾਰ ਭਰਿਆ ਵਿਹਾਰ ਕਰਨਾ।

## ਜੇ ਸਹਾਇਤਾ ਜਾਂ ਸੇਵਾਵਾਂ ਮਿਲਣ ਵਿਚ ਕੋਈ ਕਠਨਾਈਆਂ ਹਨ:

1. ਆਪਣੀ ਸਾਰੀ ਜਾਣਕਾਰੀ, ਦਸਤਾਵੇਜ਼ਾਂ ਅਤੇ ਕਾਉਂਟੀ ਨਾਲ ਸੰਪਰਕਾਂ ਦਾ ਰਿਕਾਰਡ ਰੱਖੋ।
2. ਜਦੋਂ ਵੀ ਤੁਸੀਂ ਕੋਈ ਚੀਜ਼ ਜਮ੍ਹਾਂ ਕਰਾਉ, ਉਸਦੀ ਰਸੀਦ ਲਉ
3. ਆਪਣੇ ਵਰਕਰ ਨਾਲ ਮੀਟਿੰਗ ਲਈ ਆਪਣੇ ਨਾਲ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਲਿਆ ਸਕਦੇ ਹੋ।
4. ਸ਼ਿਕਾਇਤ ਕਰੋ। ਅਜੇਹਾ ਕਰਨ ਦੇ 4 ਤਰੀਕੇ ਹਨ:

- *ਗੈਰ-ਰਸਮੀ:* ਵਰਕਰ ਨਾਲ ਕਿਸੇ ਸਮੱਸਿਆ ਬਾਰੇ ਤੁਸੀਂ ਸੁਪਰਵਾਈਜ਼ਰ ਨਾਲ ਗੱਲ ਕਰਨ ਦੀ ਮੰਗ ਕਰ ਸਕਦੇ ਹੋ ਜਾਂ ਆਪਣੀ ਸਹਾਇਤਾ ਜਾਂ ਸੇਵਾਵਾਂ ਬਾਰੇ ਨੇਮਾਂ ਅਤੇ ਪ੍ਰਸਤਾਵਿਤ ਕਾਰਵਾਈ ਦਾ ਨਿਰੀਖਣ ਕਰ ਸਕਦੇ ਹੋ।
- *ਸਟੇਟ ਵਲੋਂ ਸੁਣਵਾਈ:* ਜੇ ਤੁਹਾਨੂੰ ਆਪਣੀ ਸਹਾਇਤਾ ਜਾਂ ਸੇਵਾਵਾਂ ਬਾਰੇ ਕੋਈ ਸ਼ਿਕਾਇਤ ਹੈ ਤਾਂ ਸਟੇਟ ਵਲੋਂ ਸੁਣਵਾਈ ਦੀ ਮੰਗ ਕਰੋ। **ਕਾਉਂਟੀ ਦੀ ਕਾਰਵਾਈ ਦੇ ਬਾਅਦ 90 ਦਿਨਾਂ ਦੇ ਅੰਦਰ ਸਟੇਟ ਸੁਣਵਾਈ ਲਈ ਬੇਨਤੀ ਕਰਨਾ ਜ਼ਰੂਰੀ ਹੈ।** ਬਿਮਾਰੀ ਜਾਂ ਅਸਮਰੱਥਾ ਵਰਗਾ ਕੋਈ ਵਾਜਬ ਕਾਰਨ ਹੋਣ ਤੇ, ਹੋ ਸਕਦਾ ਹੈ ਕਿ ਤੁਸੀਂ ਅਰਜ਼ੀ 90 ਦਿਨ ਦੇ ਬਾਅਦ ਵੀ ਦੇ ਸਕੋ।
- *ਵਿਤਕਰੇ ਦੀ ਸ਼ਿਕਾਇਤ:* ਜੇ ਤੁਹਾਨੂੰ ਲਗਦਾ ਹੈ ਕਿ ਕਾਉਂਟੀ ਨੇ ਤੁਹਾਡੇ ਨਾਲ ਵਿਤਕਰਾ ਕੀਤਾ ਹੈ, ਤਾਂ ਤੁਸੀਂ ਕਾਉਂਟੀ ਦੇ ਨਾਗਰਿਕ ਅਧਿਕਾਰ ਕੋਆਰਡੀਨੇਟਰ ਨੂੰ ਜਾਂ ਸਟੇਟ ਦੇ ਨਾਗਰਿਕ ਅਧਿਕਾਰ ਬਿਊਰੋ ਨੂੰ, ਅਤੇ ਫੈਡਰਲ ਸਰਕਾਰ ਨੂੰ ਵਿਤਕਰੇ ਦੀ ਸ਼ਿਕਾਇਤ ਕਰ ਸਕਦੇ ਹੋ। ਇਹ ਕੰਮ ਵਿਤਕਰੇ ਦੇ 180 ਦਿਨਾਂ ਦੇ ਅੰਦਰ ਕਰਨਾ ਜ਼ਰੂਰੀ ਹੈ। ਇਸ ਬਾਰੇ ਹੋਰ ਜਾਣਕਾਰੀ ਲਈ "ਵਿਤਕਰੇ 'ਤੇ ਪਾਬੰਦੀ" ਨਾਲ ਸ਼ੁਰੂ ਹੋਣ ਵਾਲਾ ਭਾਗ ਵੇਖੋ।

ਜੇ ਵਿਤਕਰੇ ਦਾ ਅਸਰ ਤੁਹਾਡੇ ਬੈਨਿਫਿਟਾਂ ਅਤੇ ਸੇਵਾਵਾਂ ਉੱਪਰ ਵੀ ਪੈਂਦਾ ਹੈ ਅਤੇ ਜੇ ਤੁਸੀਂ ਤੁਹਾਡੇ ਬੈਨਿਫਿਟਾਂ ਅਤੇ ਸੇਵਾਵਾਂ ਬਾਰੇ ਕਾਉਂਟੀ ਦੇ ਫੈਸਲੇ ਨੂੰ ਚੁਣੌਤੀ ਦੇਣਾ ਚਾਹੁੰਦੇ ਹੋ, ਤਾਂ ਤੁਸੀਂ ਸਟੇਟ ਰਾਹੀਂ ਸੁਣਵਾਈ ਦੀ ਮੰਗ ਵੀ ਜ਼ਰੂਰ ਕਰੋ।

- *ਸ਼ਿਕਾਇਤ:* ਜੇ ਕਾਉਂਟੀ ਦੀ ਆਪਣੀ ਕੋਈ ਸ਼ਿਕਾਇਤ ਪ੍ਰਕਿਰਿਆ ਹੈ ਤਾਂ ਤੁਸੀਂ ਕਾਉਂਟੀ ਨੂੰ ਵੀ ਸ਼ਿਕਾਇਤ ਕਰ ਸਕਦੇ ਹੋ। **ਇਸ ਨਾਲ ਤੁਹਾਡੇ ਬੈਨਿਫਿਟਾਂ ਦੀ ਸੁਰੱਖਿਆ ਉਂਜ ਨਹੀਂ ਹੁੰਦੀ ਜਿਵੇਂ ਸਟੇਟ ਵਲੋਂ ਸੁਣਵਾਈ ਰਾਹੀਂ ਹੁੰਦੀ ਹੈ।**

## ਸਟੇਟ ਵਲੋਂ ਸੁਣਵਾਈਆਂ

- ਕਿਸੇ ਵੀ ਸਮੇਂ, ਜਦੋਂ ਤੁਸੀਂ ਆਪਣੇ ਬੈਨਿਫਿਟਾਂ ਜਾਂ ਸੇਵਾਵਾਂ ਬਾਰੇ ਕਾਉਂਟੀ ਵਲੋਂ ਕੀਤੀ ਗਈ ਕਾਰਵਾਈ ਨਾਲ ਸਹਿਮਤ ਨਾ ਹੋਵੋ, ਤੁਸੀਂ ਸਟੇਟ ਵਲੋਂ ਸੁਣਵਾਈ ਦੀ ਬੇਨਤੀ ਕਰ ਸਕਦੇ ਹੋ।
- ਤੁਸੀਂ ਸਟੇਟ ਵਲੋਂ ਸੁਣਵਾਈ ਦੀ ਬੇਨਤੀ ਓਦੋਂ ਵੀ ਕਰ ਸਕਦੇ ਹੋ ਜਦ ਕਾਉਂਟੀ ਤੁਹਾਨੂੰ ਉਹ ਬੈਨਿਫਿਟ ਜਾਂ ਸੁਵਿਧਾਵਾਂ ਨਹੀਂ ਦੇਂਦੀ ਹੈ ਜੋ ਤੁਹਾਡੇ ਵਿਚਾਰ ਵਿਚ ਤੁਹਾਨੂੰ ਮਿਲਣੇ ਚਾਹੀਦੇ ਹਨ।
- ਸਟੇਟ ਵਲੋਂ ਮਾਮਲੇ ਦੀ ਸੁਣਵਾਈ ਸਟੇਟ ਦਾ ਪ੍ਰਸ਼ਾਸਨਕ ਕਾਨੂੰਨ ਜੱਜ ਕਰਦਾ ਹੈ। ਕਾਉਂਟੀ ਵਲੋਂ ਕੋਈ ਵਿਅਕਤੀ ਇਹ ਦੱਸਣ ਲਈ ਉੱਥੇ ਰਹੇਗਾ ਕਿ ਉਹਨਾਂ ਨੇ ਇਹ ਕਾਰਵਾਈ ਕਿਉਂ ਕੀਤੀ।
- ਸਟੇਟ ਵਲੋਂ ਸੁਣਵਾਈ ਅਦਾਲਤੀ ਸੁਣਵਾਈ ਨਹੀਂ ਹੈ। ਤੁਹਾਨੂੰ ਆਪਣੇ ਨਾਲ ਆਪਣਾ ਪ੍ਰਤਿਨਿਧ ਲਿਆਉਣ ਦਾ ਹੱਕ ਹੈ। ਹਰ ਕਾਉਂਟੀ ਵਿਚ ਕਈ ਮੁਫ਼ਤ ਕਾਨੂੰਨੀ ਸੇਵਾਵਾਂ ਉਪਲਬਧ ਹਨ। ਉਹਨਾਂ ਦੀ ਸੂਚੀ ਤੁਹਾਡੀ ਕਾਉਂਟੀ ਦੇ ਨੋਟਿਸਾਂ ਦੇ ਪਿਛਲੇ ਪਾਸੇ ਦਿੱਤੀ ਹੁੰਦੀ ਹੈ। ਤੁਸੀਂ ਆਪਣੇ ਨਾਲ ਗਵਾਹਾਂ ਨੂੰ ਲਿਆ ਸਕਦੇ ਹੋ। ਤੁਹਾਨੂੰ ਬਿਨਾਂ ਲਾਗਤ ਦੁਭਾਸ਼ੀਆ ਮੰਗਣ ਦਾ ਹੱਕ ਹੈ। ਕਾਉਂਟੀ ਕੋਲੋਂ ਪਤਾ ਕਰੋ ਕਿ ਦੁਭਾਸ਼ੀਆ ਕਿਵੇਂ ਮਿਲੇਗਾ।
    - ਜੇ ਤੁਹਾਡੀ ਸਮੱਸਿਆ ਆਮ ਸਹਾਇਤਾ ਜਾਂ ਆਮ ਰਿਲੀਫ਼ ਨਾਲ ਜੁੜੀ ਹੈ ਤਾਂ ਤੁਹਾਨੂੰ ਕਾਉਂਟੀ ਵਲੋਂ ਸੁਣਵਾਈ ਦੀ ਮੰਗ ਕਰਨੀ ਚਾਹੀਦੀ ਹੈ।
    - ਜੇ ਤੁਹਾਡੀ ਸਮੱਸਿਆ ਸੋਸ਼ਲ ਸਿਕਿਉਰਿਟੀ ਬੈਨਿਫਿਟਾਂ ਨਾਲ ਜੁੜੀ ਹੈ ਤਾਂ ਤੁਹਾਨੂੰ ਸੋਸ਼ਲ ਸਿਕਿਉਰਿਟੀ ਪ੍ਰਸ਼ਾਸਨ ਨੂੰ ਸੰਪਰਕ ਕਰਨਾ ਚਾਹੀਦਾ ਹੈ।

## ਸਟੇਟ ਵਲੋਂ ਸੁਣਵਾਈ ਤਕ ਤੁਹਾਡੀ ਸਹਾਇਤਾ ਜਾਂ ਸੇਵਾਵਾਂ ਜਾਰੀ ਰੱਖਣਾ

ਤੁਹਾਡੀ ਸਹਾਇਤਾ ਜਾਂ ਸੇਵਾਵਾਂ ਵਿਚ ਕੋਈ ਤਬਦੀਲੀ ਲਾਗੂ ਹੋਣ ਤੋਂ ਘੱਟੋ ਘੱਟ ਦਸ ਦਿਨ ਪਹਿਲਾਂ ਕਾਉਂਟੀ ਨੂੰ ਤੁਹਾਨੂੰ ਇਸ ਦਾ ਨੋਟਿਸ ਦੇਣਾ ਚਾਹੀਦਾ ਹੈ। ਜੇ ਤੁਸੀਂ ਕਾਰਵਾਈ ਹੋਣ ਤੋਂ ਪਹਿਲਾਂ ਸੁਣਵਾਈ ਦੀ ਬੇਨਤੀ ਕਰਦੇ ਹੋ ਤਾਂ ਤੁਹਾਨੂੰ "ਸੁਣਵਾਈ ਹੋਣ ਤਕ ਸਹਾਇਤਾ" ਮਿਲ ਸਕਦੀ ਹੈ। ਇਸਦਾ ਮਤਲਬ ਹੈ ਕਿ ਸਹਾਇਤਾ ਤਦ ਤਕ ਉਨੀ ਹੀ ਰਹੇਗੀ ਜਦ ਤਕ ਤੁਹਾਡੀ ਸੁਣਵਾਈ ਦਾ ਫੈਸਲਾ ਨਹੀਂ ਹੋ ਜਾਂਦਾ।

ਜੇ ਤੁਹਾਨੂੰ ਕੋਈ ਨਵਾਂ ਨੋਟਿਸ ਮਿਲਦਾ ਹੈ ਜਿਸ ਨਾਲ ਤੁਸੀਂ ਸਹਿਮਤ ਨਹੀਂ ਹੋ ਤਾਂ ਤੁਹਾਨੂੰ ਸੁਣਵਾਈ ਦੀ ਮੰਗ **ਜ਼ਰੂਰ** ਕਰਨੀ ਚਾਹੀਦੀ ਹੈ।

## ਸਟੇਟ ਵਲੋਂ ਸੁਣਵਾਈ ਲਈ ਬੇਨਤੀ ਕਿਵੇਂ ਕੀਤੀ ਜਾਏ

1. ਫੋਨ: CA ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ ਨੂੰ (800) 743–8525 ਜਾਂ (800) 952–5253 ਨੰਬਰ ਤੇ ਸੰਪਰਕ ਕਰਕੇ ਸਟੇਟ ਵਲੋਂ ਸੁਣਵਾਈ ਦੀ ਬੇਨਤੀ ਕਰੋ।
2. ਤੁਹਾਡੇ ਕਾਰਵਾਈ ਦੇ ਨੋਟਿਸ (NOA) ਦੇ ਪਿਛਲੇ ਪਾਸੇ ਨੂੰ ਭਰੋ ਜਾਂ ਇੱਕ ਲਿਖਤੀ ਬੇਨਤੀ ਹੇਠਲੇ ਪਤੇ 'ਤੇ ਭੇਜੋ:
   CDSS, State Hearing Division
   744 P Street M.S. 09-17-37
   Sacramento, CA 95814

## ਵਿਤਕਰੇ 'ਤੇ ਪਾਬੰਦੀ

ਸਟੇਟ ਦੇ ਕਾਨੂੰਨ ਦੇ ਮੁਤਾਬਕ, ਕਲਿਆਣ ਏਜੰਸੀਆਂ ਹੇਠਲੇ ਕਿਸੇ ਵੀ ਆਧਾਰ 'ਤੇ ਤੁਹਾਨੂੰ ਹੋਰਨਾਂ ਨਾਲੋਂ ਵੱਖ ਸਹਾਇਤਾ, ਬੈਨਿਫਿਟ ਜਾਂ ਸੇਵਾਵਾਂ ਪਰਦਾਨ ਨਹੀਂ ਕਰ ਸਕਦੀਆਂ:

*ਨਸਲ, ਰੰਗ, ਮੂਲ ਦੇਸ਼ (ਭਾਸ਼ਾ ਸਮੇਤ), ਜਾਤੀ ਸਮੂਹ ਦੀ ਪਛਾਣ, ਉਮਰ, ਅਸਮਰੱਥਾ, ਧਰਮ, ਲਿੰਗ, ਜਿਨਸੀ ਪਸੰਦ, ਰਾਜਨੀਤਕ ਸਬੰਧ, ਵਿਵਾਹਕ ਸਥਿਤੀ ਜਾਂ ਘਰੇਲੂ ਭਾਈਵਾਲੀ*

ਫੈਡਰਲ ਕਾਨੂੰਨ ਵੀ ਉਪਰਲੇ ਕਈ ਆਧਾਰਾਂ ਤੇ, ਪਰ ਸਾਰਿਆਂ ਤੇ ਨਹੀਂ, ਵਿਤਕਰਾ ਕਰਨ ਤੇ ਪਾਬੰਦੀ ਲਗਾਉਂਦੇ ਹਨ। ਫੈਡਰਲ ਕਾਨੂੰਨ ਹੇਠਲੀਆਂ ਗੱਲਾਂ ਤੇ ਵੀ ਪਾਬੰਦੀ ਲਗਾਉਂਦੇ ਹਨ:

1. ਗੋਦ ਲੈਣ ਵਾਲੇ ਮਾਪਿਆਂ ਜਾਂ ਪਾਲਕ ਮਾਪਿਆਂ ਜਾਂ ਬੱਚੇ ਦੀ ਨਸਲ, ਰੰਗ ਜਾਂ ਮੂਲ ਦੇਸ਼ ਦੇ ਆਧਾਰ 'ਤੇ ਕਿਸੇ ਬੱਚੇ ਨੂੰ ਗੋਦ ਲੈਣ ਜਾਂ ਪਾਲਕ ਦੇਖਭਾਲ ਵਿਚ ਰੱਖਣ ਦੇਣ ਵਿਚ ਦੇਰੀ ਕਰਨਾ ਜਾਂ ਉਸਦੀ ਇਜਾਜ਼ਤ ਨਾ ਦੇਣਾ;
2. ਕਿਸੇ ਵਿਅਕਤੀ ਜਾਂ ਸਬੰਧਤ ਬੱਚੇ ਦੀ ਨਸਲ, ਰੰਗ ਜਾਂ ਮੂਲ ਦੇਸ਼ ਦੇ ਆਧਾਰ ਤੇ ਉਸ ਵਿਅਕਤੀ ਨੂੰ ਪਾਲਕ ਜਾਂ ਗੋਦ ਲੈਣ ਵਾਲੇ ਮਾਤਾ/ਪਿਤਾ ਬਣਨ ਦਾ ਮੌਕਾ ਦੇਣ ਤੋਂ ਇਨਕਾਰ ਕਰਨਾ।

## ਵਿਤਕਰੇ ਦੀਆਂ ਮਿਸਾਲਾਂ

- ਕਾਉਂਟੀ ਤੁਹਾਨੂੰ ਬਿਨਾਂ ਲਾਗਤ ਦੁਭਾਸ਼ੀਆਂ ਨਹੀਂ ਦੇਂਦੀ।